ਵਿਸ਼ਾ – ਪੰਜਾਬੀ ਜਮਾਤ – ਨੌਵੀਂ.......

# ਖ਼ੁਸ਼ੀਆਂ ਆਪੇ ਨਹੀਂ ਆਉਂਦੀਆਂ ( ਵਾਰਤਕ ਭਾਗ )

★ ਲੇਖ਼ਕ – ਡਾ.ਟੀ.ਆਰ.ਸ਼ਰਮਾ ★

**ਪ੍ਰਸ਼ਨ – 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਨਿਬੰਧ ਦਾ ਸਾਰ ਲਿਖੋ ।**

**ਉੱਤਰ** – ਖੁਸ਼ੀਆਂ ਆਪੇ ਨਹੀਂ ਆਉਂਦੀਆਂ, ਸਗੋਂ ਇਨ੍ਹਾਂ ਨੂੰ ਹਾਸਲ ਕਰਨ ਲਈ ਕੋਸ਼ਿਸ਼ ਕਰਨੀ ਪੈਂਦੀ ਹੈ । ਮਨੁੱਖ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਅਤੇ ਨਿੱਕੇ ਰਿਸ਼ਤੇ ਵੱਡੀਆਂ ਖੁਸ਼ੀਆਂ ਦੇ ਸਕਦੇ ਹਨ । ਮਿੱਠਾ ਬੋਲਣਾ, ਛੋਟੇ ਬੱਚਿਆਂ ਨਾਲ ਖੇਡਣਾ ਅਤੇ ਉਨ੍ਹਾਂ ਨਾਲ ਗੱਲਾਂ ਕਰਨਾ ਵੀ ਖੁਸ਼ੀ ਪ੍ਰਾਪਤ ਕਰਨ ਦਾ ਹੀ ਸਾਧਨ ਹੈ । ਕਈ ਪਰਿਵਾਰਾਂ ਵਿੱਚ ਪਤੀ-ਪਤਨੀ ਵਿਚਕਾਰ ਹਮੇਸ਼ਾ ਲੜਾਈ ਹੁੰਦੀ ਰਹਿੰਦੀ ਹੈ । ਅਜਿਹੇ ਲੋਕ ਆਪ ਵੀ ਅਤੇ ਦੂਜਿਆਂ ਨੂੰ ਵੀ ਪਰੇਸ਼ਾਨ ਕਰਦੇ ਹਨ । ਅਜਿਹੇ ਲੋਕ ਆਪਣੀ ਸਮੱਸਿਆ ਨੂੰ ਸ਼ਾਂਤੀ ਨਾਲ ਹੱਲ ਕਰਕੇ ਆਪਣੇ ਘਰ ਦਾ ਮਾਹੌਲ ਖ਼ੁਸ਼ਗਵਾਰ ਬਣਾ ਸਕਦੇ ਹਨ । ਸਾਡੇ ਵੱਡੇ-ਵਡੇਰਿਆਂ ਨੇ ਆਪਣੇ ਘਰ ਅਤੇ ਸਮਾਜ ਵਿੱਚ ਖੁਸ਼ੀਆਂ ਲਿਆਉਣ ਦੇ ਬਹੁਤ ਸਾਰੇ ਢੰਗ ਕੱਢੇ ਹਨ । ਇਨ੍ਹਾਂ ਵਿੱਚ ਮੇਲੇ, ਤਿਉਂਹਾਰ, ਰੀਤਾਂ-ਰਸ਼ਮਾਂ ਸਮਾਗਮ ਅੱਜ ਵੀ ਤੁਰੇ ਆ ਰਹੇ ਹਨ ।

ਸਾਨੂੰ ਆਪਣੇ ਆਲੇ-ਦੁਆਲੇ ਵਿੱਚ ਅਜਿਹੇ ਬੰਦੇ ਮਿਲ ਜਾਂਦੇ ਹਨ, ਜਿਹੜੇ ਗੰਭੀਰ ਮੁਸ਼ਕਿਲ ਵਿੱਚ ਵੀ ਖਿੜੇ ਰਹਿੰਦੇ ਹਨ । ਹਰ ਆਦਮੀ ਅਜਿਹਾ ਖੁਸ਼ੀਆਂ ਭਰਿਆ ਜੀਵਨ ਗੁਜ਼ਾਰ ਸਕਦਾ ਹੈ। ਜਿਹੜੇ ਲੋਕ ਖੁਸ਼ੀਆਂ ਨੂੰ ਸੱਦਾ ਦੇਣਾ ਚਾਹੁੰਦੇ ਸਨ, ਉਹ ਮੁਹੱਲੇ ਵਿਚ ਮਨਾਈ ਜਾਣ ਵਾਲੀ ਖ਼ੁਸ਼ੀ ਵਿੱਚ ਜਾ ਸ਼ਾਮਲ ਹੁੰਦੇ ਹਨ । ਕਿਸੇ ਬੁਰੀ ਆਦਤ ਦਾ ਤਿਆਗ ਕਰਨਾ , ਨਿੱਕੀਆਂ-ਨਿੱਕੀਆਂ ਗੱਲ਼ਾਂ ਨੂੰ ਛੱਡਣਾ , ਖ਼ਿਮਾ ਕਰਨਾ, ਖ਼ਿਮਾ ਮੰਗਣਾ ਆਦਿ ਸਭ ਖੁਸ਼ੀਆਂ ਦੇ ਸਾਧਨ ਹਨ। ਸਾਨੂ ਹਰ ਚੀਜ਼ ਨੂੰ 'ਮੈਂ' ਨਾਲ ਜੋੜਨਾ ਛੱਡ ਦੇਣਾ ਚਾਹੀਦਾ ਹੈ। ਇਸ ਹਉਮੈ ਦੇ ਤਿਆਗ ਨਾਲ ਰੂਹਾਨੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਖ਼ੁਸ਼ੀ ਮਨ ਦੀ ਇੱਕ ਅਵਸਥਾ ਹੈ। ਇਹ ਮਨ ਕਿਸੇ ਵੀ ਚੀਜ਼ ਦਾ ਨਹੀਂ ਹੈ। ਇਹ ਅਵਸਥਾ ਜਨਮ ਤੋਂ ਨਹੀਂ ਮਿਲਦੀ, ਸਗੋਂ ਪੈਦਾ ਕੀਤੀ ਜਾਂਦੀ ਹੈ। ਸਾਨੂ ਹਮੇਸ਼ਾ ਆਪਣੇ ਪਰਿਵਾਰ ਨਾਲ ਖ਼ੁਸ਼ੀ ਭਰਿਆ ਜੀਵਨ ਜਿਉਣਾ ਚਾਹੀਦਾ ਹੈ। ਇਨ੍ਹਾਂ ਖੁਸ਼ੀਆਂ ਨਾਲ ਪਰਿਵਾਰ ਤੇ ਆਈ ਕੋਈ ਵੀ ਮੁਸ਼ਕਿਲ ਨੂੰ ਹੱਲ ਕੀਤਾ ਜਾ ਸਕਦਾ ਹੈ।

## ★ ਸੰਖੇਪ ਉੱਤਰ ਵਾਲੇ ਪ੍ਰਸ਼ਨ ★

**ਪ੍ਰਸ਼ਨ-ਪਤੀ-ਪਤਨੀ ਘਰ ਦਾ ਮਾਹੌਲ ਕਿਵੇਂ ਠੀਕ ਕਰ ਸਕਦੇ ਹਨ ?**

ਉੱਤਰ - ਪਤੀ-ਪਤਨੀ ਅਰਾਮ ਨਾਲ ਬਹਿ ਕੇ ਆਪਸ ਵਿੱਚ ਨਰਾਜਗੀ ਪੈਦਾ ਕਰਨ ਵਾਲੀ ਸਮੱਸਿਆ ਦਾ ਹੱਲ ਕੱਢ ਕੇ ਘਰ ਦੇ ਮਾਹੌਲ ਨੂੰ ਠੀਕ ਕਰ ਸਕਦੇ ਹਨ ।

**ਪ੍ਰਸ਼ਨ - ਸਾਡੇ ਵੱਡੇ-ਵਡੇਰਿਆਂ ਨੇ ਖੁਸ਼ੀਆਂ ਨੂੰ ਸੱਦਾ ਦੇਣ ਲਈ ਕਿਹੜੇ ਢੰਗ ਕੱਢੇ ਹੋਏ ਹਨ ?**

ਉੱਤਰ - ਸਾਡੇ ਵੱਡੇ-ਵਡੇਰਿਆਂ ਨੇ ਖੁਸ਼ੀਆਂ ਨੂੰ ਸੱਦਾ ਦੇਣ ਲਈ ਕੁੱਝ ਰਸ਼ਮਾਂ, ਰੀਤਾਂ, ਮੇਲੇ, ਸਮਾਗਮ, ਵਿਆਹ-ਸ਼ਾਦੀ ਉੱਤੇ ਨਵੇਂ ਕੱਪੜੇ ਸਵਾਉਣਾ, ਗਹਿਣੇ ਖਰੀਦਣੇ, ਮਠਿਆਈਆਂ ਖਾਣੀਆਂ ਤੇ ਵੰਡਣੀਆਂ, ਗ਼ਰੀਬ ਨੂੰ ਦਾਨ ਦੇਣਾ, ਸਕੂਲਾਂ ਤੇ ਧਰਮਸ਼ਾਲਾਵਾਂ ਨੂੰ ਦਾਨ ਦੇਣਾ ਆਦਿ ਸਾਧਨ ਹਨ ।

**ਪ੍ਰਸ਼ਨ - ਆਧੁਨਿਕ ਸਮੇਂ ਵਿੱਚ ਖੁਸ਼ੀਆਂ ਮਨਾਉਣ ਲਈ ਕਿਹੜੇ ਮੌਕੇ ਅਤੇ ਦਿਵਸ ਪ੍ਰਚਲਿਤ ਹਨ ?**

ਉੱਤਰ - ਆਧੁਨਿਕ ਸਮੇਂ ਵਿੱਚ ਅਜ਼ਾਦੀ-ਦਿਵਸ, ਗਣਤੰਤਰਤਾ-ਦਿਵਸ, ਬਾਲ-ਦਿਵਸ, ਅਧਿਆਪਕ-ਦਿਵਸ, ਮਾਂ-ਦਿਵਸ, ਪਿਤਾ-ਦਿਵਸ, ਮਜ਼ਦੂਰ-ਦਿਵਸ, ਧਰਤੀ-ਦਿਵਸ ਆਦਿ ਪ੍ਰਚਲਿਤ ਹਨ ।

**ਪ੍ਰਸ਼ਨ - ਲੇਖ਼ਕ ਅਨੁਸਾਰ ਦੁਸ਼ਮਣ ਨਾਲ ਕਿਸ ਤਰਾਂ ਦਾ ਵਿਹਾਰ ਕਰਕੇ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ ?**

ਉੱਤਰ - ਲੇਖ਼ਕ ਅਨੁਸਾਰ ਦੁਸ਼ਮਣ ਨਾਲ ਸੁਲਹ ਕਰਕੇ, ਉਸ ਦੀ ਨਫ਼ਰਤ ਅਤੇ ਕਸੂਰ ਨੂੰ ਭੁਲਾ ਕੇ, ਜੇਕਰ ਉਹ ਮਾਫ਼ੀ ਨਾ ਵੀ ਮੰਗੇ, ਤਾਂ ਵੀ ਉਸਨੂੰ ਮਾਫ਼ ਕਰਕੇ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ ।

**ਪ੍ਰਸ਼ਨ - ਖ਼ੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਕਿਹੜਾ ਹੈ ?**

ਉੱਤਰ - ਪਿੱਠ ਪਿੱਛੇ ਨਿੰਦਿਆ ਕਰਨ, ਗਾਲ੍ਹਾਂ ਕੱਢਣ, ਝੂਠ ਬੋਲਣ, ਨਸ਼ੇ ਕਰਨ, ਰਿਸ਼ਵਤ ਲੈਣ, ਗੁੰਮਨਾਮ ਸ਼ਿਕਾਇਤ ਕਰਨ ਆਦਿ ਬੁਰੀ ਆਦਤਾਂ ਦਾ ਤਿਆਗ ਕਰਨਾ ਖ਼ੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਹੈ ।

**ਪ੍ਰਸ਼ਨ - ਖੁਸ਼ੀਆਂ ਪੈਦਾ ਹੋਣ ਵਿੱਚ ਮਨੁੱਖ ਦੀ ਕਿਹੜੀ ਭਾਵਨਾ ਰੁਕਾਵਟ ਬਣਦੀ ਹੈ ?**

ਉੱਤਰ - ਜਦੋਂ ਮਨੁੱਖ ਮੇਰੀਆਂ ਚੀਜਾਂ, ਮੇਰੀ ਇੱਜਤ, ਮੇਰੀ ਗੱਲ, ਮੇਰਾ ਕਮਰਾ, ਮੇਰੀ ਸੋਟੀ ਆਦਿ ਦੀ ਗੱਲਾਂ ਕਰਦਾ ਹੈ, ਤਾਂ ਉਸਦੀ ਮੈਂ ਖੁਸ਼ੀਆਂ ਦੇ ਪੈਦਾ ਹੋਣ ਵਿੱਚ ਰੁਕਾਵਟ ਬਣਦੀ ਹੈ । ਇਹ ਹਉਮੈ ਦਾ ਤਿਆਗ ਕਰਕੇ ਉਹ ਖੁਸ਼ੀਆਂ ਦੀ ਪੌੜੀ ਚੜ ਜਾਂਦਾ ਹੈ ।

## • ਵਸਤੂਨਿਸ਼ਠ ਪ੍ਰਸ਼ਨ •

ਪ੍ਰਸ਼ਨ - ਖੁਸ਼ੀਆਂ ਆਪੇ ਨਹੀਂ ਆਉਂਦੀਆਂ ਲੇਖ ਦਾ ਲੇਖ਼ਕ ਕੌਣ ਹੈ ?

ਉੱਤਰ - ਡਾ. ਟੀ.ਆਰ.ਸ਼ਰਮਾ ।

ਪ੍ਰਸ਼ਨ - ਲੇਖ਼ਕ ਅਨੁਸਾਰ ਕਿਨ੍ਹਾਂ ਨੂੰ ਬੁਲਾਉਣਾ ਪੈਂਦਾ ਹੈ ?

ਉੱਤਰ - ਖੁਸ਼ੀਆਂ ਨੂੰ ।

ਪ੍ਰਸ਼ਨ - ਵਿਆਹ-ਸ਼ਾਦੀ ਦੇ ਮੌਕੇ ਉੱਤੇ ਖ਼ੁਸ਼ੀ ਦੇ ਦੋ ਸਾਧਨ ਦੱਸੋ ।

ਉੱਤਰ - ਗਹਿਣੇ ਖਰੀਦਣੇ ਤੇ ਮਠਿਆਈਆਂ ਖਾਣੀਆਂ ।

ਪ੍ਰਸ਼ਨ - ਲੇਖ਼ਕ ਅਨੁਸਾਰ ਕਿਸ ਚੀਜ਼ ਦੀ ਆਦਤ ਪਾਉਣੀ ਚਾਹੀਦੀ ਹੈ ?

ਉੱਤਰ - ਹੱਸਣ ਤੇ ਮੁਸਕਰਾਉਣ ਦੀ ।

ਪ੍ਰਸ਼ਨ - ਪਤੀ-ਪਤਨੀ ਦੁਆਰਾ ਮਾਹੌਲ ਨੂੰ ਖੁਸ਼ਗਵਾਰ ਕਿਵੇਂ ਬਣਾਇਆ ਜਾ ਸਕਦਾ ਹੈ ?

ਉੱਤਰ - ਸਮੱਸਿਆ ਦਾ ਸ਼ਾਂਤੀ ਨਾਲ ਹੱਲ ਕਰਨ ਨਾਲ ।

ਪ੍ਰਸ਼ਨ - 'ਮੈਂ' ਜਾਂ 'ਹਉਮੈ' ਕਿਸ ਚੀਜ਼ ਵਿੱਚ ਰੁਕਾਵਟ ਪੈਦਾ ਕਰਦੀ ਹੈ ?

ਉੱਤਰ - ਖੁਸ਼ੀਆਂ ਪੈਦਾ ਹੋਣ ਵਿਚ ।

ਪ੍ਰਸ਼ਨ - ਦੋਸ਼ੀ ਨੂੰ ਖ਼ਿਮਾ ਕਰਨਾ ਕਿਹੋ ਜਾ ਕੰਮ ਸਮਝਿਆ ਜਾਂਦਾ ਹੈ ?

ਉੱਤਰ - ਪੁੰਨ ਦਾ ।

ਪ੍ਰਸ਼ਨ - ਲੇਖ਼ਕ ਅਨੁਸਾਰ ਖ਼ੁਸ਼ੀ ਕੀ ਹੈ ?

ਉੱਤਰ - ਮਨ ਦੀ ਅਵਸਥਾ ।




---

★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ , ਪੰਡੋਰੀ ਰਣ ਸਿੰਘ । ★

ਵਤਨ ਸਿੰਘ ਸੰਧੂ ( ਪੰਜਾਬੀ ਮਾਸਟਰ) ਸਰਕਾਰੀ ਹਾਈ ਸਕੂਲ ਅਮਰਕੋਟ 98555-39200

---